International Journal of Advanced Research & Higher Studies (IJARHS)

# ਭਗਤੀ ਲਹਿਰ ਵਿੱਚ ਨੈਤਿਕਤਾ ਦਾ ਸੰਕਲਪ

ਡਾ. ਗੁਰਜੀਤ ਸਿੰਘ, ਐਸੋਸੀਏਟ ਪ੍ਰੋਫੈਸਰ,
ਮੁਖੀ ਧਰਮ ਅਧਿਐਨ ਵਿਭਾਗ ਅਤੇ ਭਾਈ ਮਰਦਾਨਾ ਜੀ ਚੇਅਰ
ਫੈਕਲਟੀ ਆਫ਼ ਸਾਇੰਸਜ਼ ਹਿਊਮਨਿਟੀਜ਼ ਅਤੇ ਲੈਂਗੁਏਜਜ
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ।

ਆਦਿ ਕਾਲ ਤੋਂ ਮਨੁੱਖ ਨੂੰ ਸਰਵੋਤਮ ਅਤੇ ਸਰਵਸ੍ਰੇਸ਼ਟ ਪ੍ਰਾਣੀ ਮੰਨਿਆ ਜਾਂਦਾ ਹੈ। ਮਨੁੱਖ ਨੂੰ ਆਪਣੀ ਹੋਂਦ ਦੇ ਅਹਿਸਾਸ ਤੋਂ ਪਿਛੋ ਕਈ ਪੜਾਵਾਂ ਵਿੱਚੋਂ ਨਿਕਲਣਾ ਪਿਆ ਕਿਉਂਕਿ ਮਨੁੱਖ ਨੇ ਆਪਣੀਆਂ ਲੋੜਾਂ ਦੀ ਪੂਰਤੀ ਅਤੇ ਖੁਸ਼ਹਾਲੀ ਤੇ ਉੱਨਤੀ ਲਈ ਸੰਘਰਸ਼ ਅਰੰਭਿਆ। ਜਿਵੇਂ ਜਿਵੇਂ ਸਮਾਂ ਆਪਣੀ ਕਰਵਟ ਬਦਲਦਾ ਗਿਆ ਮਨੁੱਖ ਉਸਾਰੂ ਸੋਚ ਉਨੱਤੀ ਦੇ ਰਾਹ ਵੱਲ ਤੁਰਨ ਦਾ ਯਤਨ ਕਰਨ ਲੱਗੀ।

ਨੈਤਿਕਤਾ ਮਨੁੱਖ ਦੀ ਹੋਂਦ ਵਿਧੀ ਦਾ ਇੱਕ ਵਿਲੱਖਣ ਗੁਣ ਹੈ। ਵਿਸ਼ਵ ਦੇ ਸਮੂਹ ਚੇਤਨਾ ਸੰਪੰਨ ਜੀਵਾਂ ਵਿੱਚ ਮਨੁੱਖ ਹੀ ਇੱਕ ਅਜਿਹਾ ਜੀਵ ਹੈਜਿਸ ਨੂੰ ਨੈਤਿਕਤਾ ਦਾ ਬੋਧ ਅਤੇਅਨੁਭਵ ਹੈ। ਪਸ਼ੂ ਜਗਤ ਵਿੱਚ ਨੈਤਿਕ ਚੇਤਨਾ ਦਾ ਉੱਕਾ ਹੀ ਅਭਾਵ ਨਜ਼ਰ ਆਉਂਦਾ ਹੈ। ਕਿਉਂਕਿ ਉਨ੍ਹਾਂ ਵਿੱਚ ਬੁਰੇ ਭਲੇ ਦੀ ਪਛਾਣ ਕਰਨ ਦੀ ਵਿਵੇਕ ਬੁੱਧ ਦੀ ਅਣਹੋਂਦ ਹੁੰਦੀ ਹੈ। ਸੀਐਲ.ਬਿਟਲ ਦੇ ਸ਼ਬਦਾਂ ਵਿੱਚ ਮਨੁੱਖ ਇੱਕ ਨੈਤਿਕ ਜੀਵ ਹੈ ਕਿਉਂਕਿ ਉਹ ਵਿਵੇਕਸ਼ੀਲ ਹੈ।

ਨੈਤਿਕਤਾ, ਨੀਤੀ ਸਸ਼ਤਕਰ, ਸਦਾਚਾਰ, ਸਭ ਗੁਣ ਆਦਿ ਸ਼ਬਦ ਮਨੁੱਖੀ ਵਿਹਾਰ ਦੀਆਂ ਕੀਮਤਾਂਚੀਤੀਆ ਅਤੇ ਪੈਟਰਨਾਂ ਦੇ ਪਰਿਆਇ ਹਨ, ਜਿਨ੍ਹਾਂ ਨੂੰ ਨੈਤਿਕ ਨਿਯਮਾ ਦੇ ਤੌਰਤੇ ਪ੍ਰਯੋਗ ਕੀਤਾ ਜਾਂਦਾ ਹੈ, ਨੈਤਿਕਤਾ ਅੰਗਰੇਜੀ ਦੇ ਸ਼ਬਦ 'Morality' ਦਾ ਸਮਾਨਾਰਥਕ ਸ਼ਬਦ ਹੈ। 'Morality' ਵਿਚਲਾ 'Moral' ਲਾਤੀਨੀ ਭਾਸ਼ਾ ਦੇ ਧਾਤੂ 'Moras' ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਆਦਤ ਜਾਂ ਰੀਤੀ ਰਿਵਾਜ਼। ਨੀਤੀ ਸੰਬੰਧੀ ਨਿਯਮਾਂ ਨੂੰ ਅੰਗਰੇਜ਼ੀ ਵਿੱਚ 'Ethics' ਕਿਹਾ ਜਾਂਦਾ ਹੈ। ਜੋ ਕਿ ਗ੍ਰੀਕ ਭਾਸ਼ਾ ਦਾ ਸ਼ਬਦ ਹੈ। ਜਿਸ ਦਾ ਅਰਥ ਹੈ ਚਰਿੱਤਰ, ਨੈਤਿਕਾਂ ਨੂੰ ਮਨੁੱਖੀ ਕਰਮਾਂ ਦੇ ਸੰਦਰਭ ਵਿੱਚ 'ਚਰਿੱਤਰ' ਦੇ ਤੌਰ ਤੇ ਪਰਿਭਾਸ਼ਿਤ ਕੀਤਾ ਜਾਂਦਾ ਹੈ।[2]

ਵਿਉਂਤਪਤੀ ਅਨੁਸਾਰ ਨੀਤੀ ਸ਼ਾਸ਼ਤਰ ਮਨੁੱਖ ਦੀਆਂਰੁਚੀਆ ਜਾਂ ਆਦਤਾਂ ਜਾਂ ਦੂਸਰੇ ਸ਼ਬਦਾਂ ਵਿੱਚ ਉਸ ਦੇ ਸਮਗਰ ਚਰਿੱਤਰ ਦਾ ਅਧਿਐਨ ਹੈ।[3]

ਭਾਰਤੀ ਦਰਸ਼ਨ ਸ਼ਾਸਤਰੀਆਂ ਨੇ ਨੈਤਿਕਤਾ ਨੂੰ ਵਿਅਕਤੀ ਅਤੇ ਸਮਾਜ ਨੂੰ ਕੁਮਾਰਗ ਤੋਂ ਸੁਮਾਰਗ ਵੱਲ ਲੈ ਜਾਣ ਦੇ ਸਾਧਨ ਵਜੋਂ ਬਿਆਨ ਕੀਤਾ ਹੈ ਅਤੇ 'ਸ਼ੁਭ ਗੁਣਾਂ' ਨੂੰ ਇਸ ਦੀ ਸਮੱਗਰੀ ਸਵੀਕਾਰ ਕਰਕੇ ਇਸ ਨੂੰ'ਸਦਾਚਾਰ' ਵਜੋਂ ਪਰਿਭਾਸ਼ਿਤ ਕੀਤਾ ਹੈ। ਨੈਤਿਕਾ ਇੱਕ ਤਰ੍ਹਾਂ ਨਾਲ ਮਨੁੱਖੀ ਚਰਿੱਤਰ ਦੇ ਮੁਲਾਂਕਣ ਦੀ ਵਿਧੀ ਹੈ। ਪੱਛਮੀ ਦਰਸ਼ਨ ਵਿੱਚ ਜਿੱਥੇ ਇਸ ਨੂੰ ਨਿਆ ਮਾਰਗ ਨਾਲ ਜੋੜਿਆ ਗਿਆ ਹੈ। ਉੱਥੇ ਇਸ ਦਾ ਸਬੰਧ ਕਰਤੱਵ ਨਾਲ ਵੀ ਦਰਸਾਇਆ ਗਿਆ ਹੈ। ਅਸਲ ਵਿੱਚ ਨੈਤਿਕਤਾ, ਨੈਤਿਕ ਫੈਸਲਿਆ ਦਾ ਉਹ ਸਮੂਹ ਹੈ ਜੋ ਗੁਣਾਂ ਦੇ ਆਧਾਰ ਤੇ ਮਨੁੱਖੀ ਜੀਵਨ ਦੇ ਮੁੱਲ ਸਿਰਜਦਾ ਹੈ ਅਤੇ ਵਿਅਕਤੀ ਨੂੰ ਚੰਗੇ ਬੁਰੇ ਵਿੱਚ ਅੰਤਰ ਸਪਸ਼ਟ ਕਰਨ ਦੀ ਸਮਰੱਥਾ ਪ੍ਰਦਾਨ ਕਰਦਾ ਹੈ। ਇਹ ਮਨੁੱਖੀ ਚਰਿੱਤਰ ਦੀ ਕਸੋਟੀ ਹੈ। ਜਿਸ ਦਾ ਮੰਤਵ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਹੈ। ਜੋ ਮਨੁੱਖੀ ਕਰਮ ਨੂੰ ਨਿਯੰਤਰਿਤ ਕਰਦੇ ਹਨ ਅਤੇ ਸ਼ੁਭ ਗੁਣਾਂ ਨੂੰ ਖੋਜਣਾ ਜੈਸੋ ਮਨੁੱਖੀ ਜੀਵਨ ਨੂੰ ਪ੍ਰੇਰਿਤ ਕਰਨ ਦੇ ਯੋਗ ਹੋ ਸਕਦੇ।

ਸਿਧਾਂਤਕ ਤੌਰ ਤੇ ਨੈਤਿਕਤਾ ਅਜਿਹੀ ਨਿਯਾਮਾਵਲੀ ਹੈ ਜੋ ਮਨੁੱਖ ਦੇ ਵਿਅਕਤੀਗਤ ਅਤੇ ਸਮਾਜਿਕ ਵਿਵਹਾਰ ਨਿਸ਼ਚਿਤ ਕਰਦੀ ਹੈ। ਜਿਸ ਤੋਂ ਇੱਕ ਆਦਰਸ਼ ਜੀਵਨ ਜਾਂਚ ਦਾ ਸੰਕਲਪ ਸਾਹਮਣੇ ਆਉਂਦਾ ਹੈ। ਇਸ ਨਿਯਮਾਵਲੀ ਦੀ ਪਾਲਣਾ ਮਨੁੱਖ ਨੂੰ ਚਰਿੱਤਰਵਾਨ ਅਤੇ ਨੈਤਿਕ ਪ੍ਰਾਣੀ ਦੇ ਤੌਰ ਤੇ ਸਮਾਜ ਵਿਚ ਸਨਮਾਨ ਦਿਵਾਉਂਦੀ ਹੈ ਅਤੇ ਨਾਲ ਹੀ ਉਨਤੀ ਦਾ ਮਾਰਗ ਦਰਸ਼ਨ ਹੋ ਨਿਬੜਦੀ ਹੈ। ਨੈਤਿਕਤਾ ਨੂੰ ਪੂਰਨ ਰੂਪ ਵਿੱਚ ਸਿਰਜਨ ਅਤੇ ਲਾਗੂ ਕਰਵਾਉਣ ਵਿੱਚ ਧਰਮ ਦੀ ਅਹਿਮ ਭੂਮਿਕਾ ਰਹੀ ਹੈ। ਧਰਮ ਦਾ ਉਦੇਸ਼ ਹੀ ਮਨੁੱਖ ਨੂੰ ਸੁਮਾਰਗ ਵੱਲ ਪ੍ਰੇਰਿਤ ਕਰਨਾ ਤੇ ਚਰਿੱਤਰਵਾਨ ਵਿਵਹਾਰ ਪ੍ਰਦਾਨ ਕਰਨਾ ਰਿਹਾ ਹੈ। ਸਧਾਰਨ ਵਿਅਕਤੀ ਦੇ ਮਨ ਵਿੱਚ ਧਰਮ ਅਤੇ ਸਦਾਚਾਰ ਦਾ ਅੰਤਰ ਸਪਸ਼ਟ ਨਹੀਂ ਹੁੰਦਾ। ਉਸ ਨੂੰ ਧਾਰਮਿਕ ਜੀਵਨ ਹੀ ਨੇਕੀ ਦਾ ਜੀਵਨ ਜਾਪਦਾ ਹੈ ਅਤੇ ਨੈਤਿਕ ਦ੍ਰਿਸ਼ਟੀ ਤੋਂ ਨੇਕ ਜੀਵਨ ਹੀ ਉਸ ਲਈ ਧਾਰਮਿਕ ਜੀਵਨ ਹੈ। ਇਸ ਦਾ ਅਰਥ ਇਹ ਨਹੀਂ ਕਿ ਤਾਰਕਿਕ ਵਿਆਕਤੀ (Retional Man) ਨੂੰ ਨੈਤਿਕਤਾ ਦੀ ਜਰੂਰਤ ਨਹੀਂ।

ਆਡੀ ਰੋਬਰਟ ਅਨੁਸਾਰ 'ਨੀਤੀ ਸਾਸ਼ਤਰ ਵਿੱਚ ਵੀ ਤਰਕ ਅਤੇ ਨੈਤਿਕਤਾ ਦਾ ਇਹ ਸੰਬੰਧ ਕੇਂਦਰੀ ਸਰੋਕਾਰ ਵਜੋਂ ਹੀ ਨਿਹਿਤ ਰਹਿੰਦਾ ਹੈ।[4]

ਹਰ ਧਰਮ ਨੇ ਮਨੁੱਖ ਨੂੰ ਸਦਾਚਾਰਕ ਗੁਣ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਕਿਸੇ ਵੀ ਧਰਮ ਨੇ ਮਨੁੱਖ ਨੂੰ ਅਨੈਤਿਕ ਗੁਣ ਦੀ ਸਿੱਖਿਆ ਨਹੀਂ ਦਿੱਤੀ। ਕਈ ਧਰਮਾਂ ਨੇ ਮਨੁੱਖ ਮਾਤਰ ਦੀ ਸੇਵਾ ਨੂੰ ਵਿਅਕਤੀ ਦਾ ਪਰਮ ਧਰਮ ਦਰਸਾਇਆ ਅਤੇ ਕੋਈ ਹੋਰਨਾਂ ਨੇ ਨੈਤਿਕ ਗੁਣਾਂ ਨੂੰ ਭਗਤੀ ਦਾ ਅਵਸ਼ਕ ਆਧਾਰ ਮੰਨਿਆ ਹੈ।[5]

ਧਰਮ ਦਾ ਉਪਰਾਲਾ ਜੀਵਨ ਨੂੰ ਸਹੀ ਕੀਮਤ ਸਿਧਾਂਤ ਤੇ ਅਮਲ ਦੇਣਾ ਹੈ। ਬਹੁਤ ਹੱਦ ਤੱਕ ਧਰਮ ਅਤੇ ਨੀਤੀ ਦੀ ਇਹ ਸਾਂਝ ਚਿੰਤਕਾ ਨੂੰ ਵੀ ਪਰਵਾਨ ਹੈ ਕਿਉਂਕਿ ਚਿੰਤਨ ਦੇ ਨਜਰੀਏ ਤੋਂ ਧਾਰਮਿਕਤਾ ਅਤੇ ਨੈਤਿਕਤਾ ਦੋਹਾਂ ਦਾ ਉਦੇਸ਼ ਮਨੁੱਖ ਦੀ ਉਤਮਤਾ ਹੈ। ਭਾਵੇਂ ਕਈ ਵਿਦਵਾਨਾਂ ਨੇ ਨੈਤਿਕਤਦੀ ਸਵੈ ਹੋਂਦ ਧਰਮ ਤੋਂ ਬਿਨਾਂ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਜਦੋਂ ਕਿ ਕਈ ਵਿਦਵਾਨਾਂ ਦੇ ਮਤ ਵਿੱਚ ਨੈਤਿਕਤਾ ਦਾ ਸ੍ਰੋਤ ਅਧਿਆਤਮਕ ਸ਼ਕਤੀ, ਪ੍ਰਮਾਤਮਾ

ਤੋਂ ਪ੍ਰਵਾਹਿਤ ਹੁੰਦਾ ਹੈ ਤਾਂ ਸਰਵਤਵ ਸਮਾਜ ਦਾ ਕਲਿਆਣ ਨਿਸਚਿਤ ਹੋ ਜਾਂਦਾ ਹੈ ਕਿਉਂਕਿ ਪ੍ਰਮਾਤਮਾ ਦੀ ਮਾਨਤਾ ਨੈਤਿਕ ਜੀਵਨ ਦਾ ਫਲ ਹੈ, ਮਨੁੱਖ ਨੂੰ ਦੇਵਤਾ ਬਣਾਉਣ ਲਈ ਨੈਤਿਕਤਾ ਨੂੰ ਧਰਮ ਦੇ ਧੁਰੇ ਦੁਆਲੇ ਪਰਕਰਮਾ ਕਰਨੀ ਪੈਂਦੀ ਹੈ।[6]

ਗੁਰਮਤਿ ਭਗਤੀ ਨੈਤਿਕ ਮਨੁੱਖ ਨੂੰ ਇੱਕ ਪ੍ਰਮਾਤਮਾ ਵਿੱਚ ਵਿਸ਼ਵਾਸ਼ ਰੱਖਣ ਦਾ ਸਭਿਆਚਾਰ ਦੇ ਤੌਰ ਤੇ ਜੋ ਹੁਕਮ, ਰਜਾ ਨੂੰ ਮੰਨਦਾ ਹੈ ਬ੍ਰਹਮ ਗਿਆਨੀ ਹੁੰਦਾ ਹੈ। ਸਰਲ ਜੀਵਨ ਜਾਂਚ ਅਨੁਸਾਰ ਗੁਰਮੁਖਾਂ ਦਾ ਜੀਵਨ ਬਤੀਤ ਕਰਦਾ ਹੈ। ਮਨੁੱਖੀ ਜੀਵਨ ਦੀ ਆਦਰਸ਼ ਪ੍ਰਾਪਤੀ ਲਈ ਇਹ ਇੱਕ ਪਵਿਤਰਤਾ ਭਰਪੂਰ ਅਹਿਮ ਤੇ ਮਹੱਤਵਪੂਰਨ ਅਸੂਲ ਵੀ ਹੈ। ਸੱਚ ਨਾਲ ਭਰਪੂਰ ਜਿੰਦਗੀ ਹੀ ਇਸ ਮਨੋਰਥ ਦੀ ਪੂਰਤੀ ਕਰਨ ਵਿੱਚ ਸਹਾਇਕ ਹੋ ਸਕਦੀ ਹੈ।[7]

ਸਦਾਚਾਰਕ ਗੁਣਾਂ ਨੂੰ ਇੱਕ ਦੂਜੇ ਦੇ ਪੂਰਕ ਮੰਨਿਆ ਹੈ। ਸ੍ਰੇਸ਼ਟ ਸਦਾਚਾਰਕ ਗੁਣਾਂ ਤੋਂ ਬਗੈਰ ਭਗਤੀ ਸੰਪੂਰਨ ਨਹੀਂ ਹੋ ਸਕਦੀ ਭਾਵ ਪ੍ਰਮਾਤਮਾ ਭਗਤੀ ਵਿਆਰਕਤਾ ਨੂੰ ਪਾਵਨ ਤੇ ਨੈਤਿਕਤਾ ਵਿੱਚ ਪ੍ਰਵਰਤਿਤ ਕਰਦੀ ਹੈ। ਗੁਰਬਾਣੀ ਅਨੁਸਾਰ ਨੈਤਿਕ ਭਾਵਾਂ ਦੀ ਮੁਕੰਮਲ ਵਿਆਖਿਆ ਮਿਲਦੀ ਹੈ।

ਸਭਿ ਗੁਣ ਤੇਰੇ ਮੈ ਨਾਹੀ ਕੋਇ
ਵਿਣੁ ਕੀਤੇ ਭਗਤਿ ਨ ਹੋਇ [8]
ਉਸਤਤ ਮਨ ਮਹਿ ਕਰਿ ਨਿਰੰਕਾਰ
ਕਰਿ ਮਨ ਮੇਰੇ ਸਤਿ ਬਿਉਹਾਰ[9]

ਇਸ ਅਨੁਸਾਰ ਮਨੁੱਖਤਾ ਨੂੰ ਧਰਮ ਅਤੇ ਵਰਣ ਦੇ ਨਾਂ ਤੇ ਵੰਡਣ ਦੀ ਆਗਿਆ ਨਹੀਂ। ਸਭ ਸੰਸਾਰ ਤੇ ਸਮੁੱਚੀ ਮਨੁੱਖਤਾ ਨੂੰ ਇੱਕ ਸਮਾਜਿਕ ਭਾਈਚਾਰਾ ਮੰਨ ਕੇ ਸਰਬਤ ਦੇ ਭਲੇ ਲਈ ਕਾਮਨਾ ਕੀਤੀ ਗਈ ਹੈ। ਭਗਤੀ ਵਿੱਚ ਇੱਕ ਸੰਪੂਰਣ ਜੀਵਨ ਜੀਉਣ ਲਈ ਸਦਾਚਾਰਕ ਗੁਣ ਲੋੜੀਂਦੇ ਹਨ ਕਿਉਂਕਿ ਮਨੁੱਖ ਆਪਣੇ ਪ੍ਰਤੀ ਆਪਣੇ ਸਮਾਜ ਪ੍ਰਤੀ ਆਪਣੇ ਇਸ਼ਟ ਪ੍ਰਤੀ ਤਾਂ ਹੀ ਸੁਹਿਰਦ ਹੋ ਸਕਦਾ ਹੈ। ਜੇਕਰ ਉਹ ਸਦਾਚਾਰਕ ਗੁਣਾਂ ਦਾ ਧਾਰਨੀ ਹੁੰਦਾ ਹੈ। ਇਨ੍ਹਾਂ ਸਭ ਗੁਣਾ ਸਾਹਿਤ ਇੱਕ ਪਾਸੇ ਮਨੁੱਖ ਸੰਸਾਰ ਵਿੱਚ ਵਿਚਰਦਿਆਂ ਨਿਰਲੇਪ ਰਹਿੰਦਾ ਹੈ ਤੇ ਦੂਜੇ ਪਾਸੇ ਉਸ ਦੀ ਭਗਤੀ ਲਿਵ ਪ੍ਰਮਾਤਮਾ ਨਾਲ ਜੁੜੀ ਰਹਿੰਦੀ ਹੈ। ਇਸ ਤਰ੍ਹਾਂ ਨੈਤਿਕ ਭਾਵਾ ਦੀ ਪ੍ਰਾਪਤੀ ਦਾ ਲਾਭ ਕੇਵਲ ਵਿਅਕਤੀ ਵਿਸ਼ੇਸ਼ ਨਹੀਂ ਹੁੰਦਾ ਸਗੋਂ ਜੀਵਨਮੁਕਤਿ ਆਪਣੇ ਸੰਗੀ ਸਾਥੀਆਂ ਨੂੰ ਵੀ ਧਰਮ ਭਾਵ ਸਹਿਤ ਨੈਤਿਕ ਪ੍ਰਾਪਤੀ ਤੇ ਦੇ ਰਾਹ ਤੇ ਤੋਰਦਾ ਹੈ।

ਆਪ ਤਰੈ ਸਗਲੇ ਕੁਲ ਤਾਰੇ[10]
ਆਪ ਮੁਕਤਿ ਮੁਕਤ ਕਰੈ ਸੰਸਾਰ[11]

ਵੱਖ-ਵੱਖ ਧਰਮਾਂ ਵਿੱਚ ਨੈਤਿਕਤਾ ਨੂੰ ਪੂਰਨ ਰੂਪ ਲਾਗੂ ਕਰਾਉਣ ਦਾ ਅਹਿਮ ਰੋਲ ਰਿਹਾ ਹੈ। ਭਗਤੀ ਨਾਲ ਪ੍ਰਮਾਤਮਾ ਨਾਲ ਰਿਸ਼ਤਾ ਕਿਸੇ ਤਰ੍ਹਾਂ ਦੀ ਭੋਤਿਕਤਾ ਤੇ ਆਧਾਰਿਤ ਨਹੀਂ ਹੁੰਦਾ। ਸਗੋਂ ਸਾਡੀ ਚੇਤਨਾ ਦੀ ਗੁਣਵੱਤਾ ਤੇ ਆਧਾਰਿਤ ਹੁੰਦਾ ਹੈ। ਧਰਮ ਵਾਂਗ ਨੈਤਿਕਤਾ ਦਾ ਉਦੇਸ਼ ਵੀ ਇਸ ਪ੍ਰਸ਼ਨ ਦਾ ਉੱਤਰ ਦੇਣਾ ਹੈ ਕਿ ਧਰਮ-ਸ਼ੁਭ ਕੀ ਹੈ ਅਤੇ ਇਸ ਲਈ ਕਿਸ ਪ੍ਰਕਾਰ ਦਾ ਵਿਹਾਰ ਉਚਿਤ ਹੈ। ਸ਼ੁਭ ਅਤੇ ਉਚਿਤ ਨੈਤਿਕਤਾ ਦੇ ਦੋ ਕੇਂਦਰੀ ਤੱਤ ਹਨ। ਇਹੀ ਦੋ ਪ੍ਰਸ਼ਨ ਹਨ ਜਿਹੜੇ ਮਨੁੱਖ ਨੂੰ ਚਿੰਤਨਸ਼ੀਲ ਨੈਤਿਕਤਾ ਦੇ ਖੇਤਰ ਵਿੱਚ ਲੈ ਜਾਂਦੇ ਹਨ। ਨਿਰਸੰਦੇਹ ਮਨੁੱਖ ਦੇ ਧਰਮ-ਸ਼ੁਭ ਜਾਂ ਸੰਪੂਰਣ ਕਲਿਆਣ ਦਾ ਸੰਕਲਪ ਉਸ ਦੀ ਪ੍ਰਕਿਰਤੀ ਨਾਲ ਸੰਬੰਧਿਤ ਹੈ ਕੋਈ ਵਿਚਾਰਧਾਰਾ ਮਨੁੱਖ ਦੀ ਹੋਂਦ ਜਾਂ ਜਿਸ ਪ੍ਰਕਾਰ ਦਾ ਸਰੂਪ ਸਿਰਜਦੀ ਹੈ, ਧਰਮ-ਸ਼ੁਭ ਦੀ ਧਾਰਣਾ ਉਸ ਦੇ ਅਨੁਰੂਪ ਹੀ ਉਤਪੰਨ ਹੁੰਦੀ ਹੈ।[12]

ਸੁਖਵਾਦੀ ਈਸ਼ਵਰ ਦੇ ਸੰਕਲਪ ਨੂੰ ਰੱਦ ਕਰ ਦਿੰਦੇ ਹਨ,ਜਦੋਂ ਕਿ ਈਸ਼ਵਰਵਾਦੀ ਕੇਵਲ ਖਾਣ ਹੰਢਾਉਣ ਜੀਵਨ ਦਾ ਉਦੇਸ਼ ਬਣਾਉਣ ਵਾਲਿਆਂ ਨੂੰ ਤ੍ਰਿਸਕਾਰ ਦੀ ਨਜਰ ਨਾਲ ਵੇਖਦੇ ਹਨ। ਨਿਰਸੰਦੇਹ ਨੈਤਿਕਤਾ ਵਿੱਚ ਧਰਮ ਸ਼ੁਭ ਦਾ ਸੰਕਲਪ ਇੱਕ ਅਜਿਹਾ ਧਰਮ ਉਚ-ਮਨੁੱਖੀ ਆਦਰਸ਼ ਹੈ। ਜੋ ਕਿਸੇ ਹੋਰ ਪ੍ਰਾਪਤੀ ਦਾ ਸਾਧਨ ਨਹੀਂ ਬਣਾਇਆ ਜਾ ਸਕਦਾ, ਅਰਥਾਤ ਇਹ ਆਪ ਹੀ ਭਗਤੀ ਦੁਆਰਾ ਸਾਧਿਆ ਦਾ ਉਦੇਸ਼ ਹੁੰਦਾ ਹੈ।[13]

**ਕਾਂਟ ਦਾ ਨਿਸ਼ਕਾਮ ਕਰਮ ਦਾ ਸਿਧਾਂਤ**

ਪੁਰਾਤਨ ਸਾਧੂ ਭਗਤੀ ਬਿਰਤੀ ਵਾਲੇ ਯੂਨਾਨੀ ਦਾਰਸ਼ਨਿਕਾਂ ਨੇ ਨਿਸ਼ਕਾਮ ਕਰਮ ਅਰਥਾਤ ਨੇਕੀ ਨੂੰ ਆਪਣੇ ਆਪ ਵਿੱਚ ਉਦੇਸ਼ ਮੰਨਿਆ ਹੈ। ਆਠਾਰਵੀਂ ਸਦੀ ਵਿੱਚ ਜਰਮਨ ਫਿਲਾਸਫਰ ਇਮੈਨੂਅਲ ਕਾਂਟ ਕੇ ਕਰਤੱਵ ਪਾਲਣ ਨੂੰ ਨੈਤਿਕਤਾ ਦਾ ਆਧਾਰ ਸਿੱਧ ਕਰਨ ਦਾ ਯਤਨ ਕੀਤਾ ਹੈ। ਕਾਂਟ ਨੇ ਇਹ ਮਤ ਦਿੱਤਾ ਹੈ ਕਿ ਮਨੁੱਖ ਨੂੰ ਫਲ ਜਾਂ ਸਿੱਟਿਆਂ ਦੀ ਪ੍ਰਵਾਹ ਕੀਤੇ ਬਿਨਾਂ ਸਦਾਚਾਰਕ ਨੇਮ ਦੇ ਆਦੇਸ਼ ਅਨੁਸਾਰ ਆਪਣਾ ਧਰਮ ਪਾਲਦੇ ਜਾਣਾ ਚਾਹੀਦਾ ਹੈ। ਇਸ ਨੇਮ ਨੂੰ ਸਦਾਚਾਰ ਅੰਤਰਬੋਧ ਦਾ ਨਾਂ ਦਿੱਤਾ ਗਿਆ ਹੈ ਅਤੇ ਸਦਾਚਾਰ ਨੇਮ ਨੂੰ ਬੇਸ਼ਰਤ ਨੇਮ ਦੱਸਿਆ ਗਿਆ ਹੈ। ਜਿਸ ਵਿਅਕਤੀ ਨੇ ਨਿਸ਼ਕਾਮ ਰਹਿ ਕੇ ਸ਼ੁਭ ਕਰਮ ਕੀਤੇ ਹਨ, ਉਹ ਅਵੱਸ਼ ਹੀ ਪ੍ਰਸੰਨਤਾ ਪ੍ਰਾਪਤ ਕਰੇਗਾ, ਇਸ ਜਨਮ ਵਿੱਚ ਨਹੀਂ ਤਾਂ ਅਗਲੇ ਜਨਮ ਵਿੱਚ ਸਹੀ। ਇਥੇ ਕਾਂਟ ਨੂੰ ਮਨੁੱਖੀ ਆਤਮਾ ਦੇ ਆਵਾਗਮਨ ਦਾ ਸਿਧਾਂਤ ਨੈਤਿਕ ਸਿਧਾਂਤ ਵਿੱਚ ਸ਼ਾਮਿਲ ਕਰਨਾ ਪਿਆ। ਇਵੇਂ ਉਸ ਨੂੰ 'ਆਤਮਾ ਅਮਰ ਹੈ' ਅਤੇ ਰੱਬ ਦੀ ਹੋਂਦ ਹੈ ਵਿੱਚ ਯਕੀਨ ਕਰਨਾ ਪਿਆ। ਉਸ ਅਨੁਸਾਰ ਰੱਬ ਤੋਂ ਬਿਨਾਂ ਨੇਕ ਆਤਮਾ ਨੂੰ ਪ੍ਰਸੰਨਤਾ ਦੀ ਬਖਸ਼ਿਸ਼ ਕਰਨ ਵਾਲਾ ਕੌਣ ਹੋ ਸਕਦਾ ਹੈ।[14]

**ਇਸਲਾਮੀ ਨੈਤਿਕਤਾ ਦੀ ਪਰੰਪਰਾ**

ਇਸਲਾਮ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿੱਚੋਂ ਇੱਕ ਹੈ। ਇਸਲਾਮ ਇੱਕ ਧਰਮ ਦਾ ਨਾਂ ਹੀ ਨਹੀਂ ਸਗੋਂ ਨੈਤਿਕ ਪ੍ਰਬੰਧ ਦਾ ਨਾਂ ਹੀ ਹੈ। ਇਸਲਾਮ ਵਿੱਚ ਨੈਤਿਕਤਾ ਅਤੇ ਧਰਮ ਇੱਕ ਦੂਜੇ ਵਿੱਚ ਅਭੇਦ ਹੋਏ ਹਨ। ਇਸਲਾਮ ਦੇ ਨੈਤਿਕ ਨੇਮਾਂ ਨੇ ਹਰ ਪਹਿਲੂ ਤੋਂ ਕਬੀਲਿਆਂ ਨੂੰ ਭਰਪੂਰ ਸਮਾਜਿਕ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਇਨ੍ਹਾਂ ਨੇ ਵੀਰਤਾ,ਉਦਾਰਤਾ

ਅਤੇ ਮਹਿਮਾਨ ਨਿਵਾਜ਼ੀ ਦੇ ਉਚੇ ਸੰਕਲਪ ਉਸਾਰੇ। ਇਸਲਾਮ ਨੇ ਸੱਚਾ-ਸੁੱਚਾ ਜੀਵਨ ਜੀਉਣ ਲਈ ਪੰਜ ਪ੍ਰਮੁੱਖ ਉਪਦੇਸ਼ ਦਿੱਤੇ ਈਮਾਨ, ਨਮਾਜ਼, ਰੋਜ਼ਾ, ਹੱਜ ਅਤੇ ਜ਼ੁਕਾਤ ਜਿਹੜੇ ਇਸਲਾਮ ਦੀ ਨੈਤਿਕਤਾ ਦਾ ਮੁੱਖ ਆਧਾਰ ਹਨ। ਇਨ੍ਹਾਂ 5 ਉਦੇਸ਼ਾ ਨਾਲ ਮਾਨਵੀ ਜਾਤੀ ਦੀ ਏਕਤਾ ਅਤੇ ਮਨੁੱਖਤਾ ਦੀ ਬਰਾਬਰੀਸੰਜਮ, ਸੰਕੋਚ ਅਤੇ ਸਹਿਨਸ਼ੀਲਤਾ, ਪਵਿਤਰਤਾ ਤੇ ਕਰਤੱਵ ਪੂਰਤੀ ਦਾ ਸੰਕਲਪ ਉਸਾਰਿਆ ਗਿਆ ਹੈ। ਭਾਵੇਂ ਇਸਲਾਮ ਵਿੱਚ ਹੁਣ ਅਨੇਕਾ ਹੀ ਮੱਤ ਸੰਪਰਦਾਵਾਂ ਹਨ। ਪਰ ਉਹ ਸਾਰੀਆਂ ਨੈਤਿਕਤਾ ਦੇ ਪੱਖ ਤੋਂ ਪ੍ਰੇਰਨਾ ਪਵਿਤਰ ਕੁਰਾਨ ਸ਼ਰੀਫ ਤੋਂ ਪ੍ਰਾਪਤ ਕਰਦੀਆਂ ਹਨ।

## ਨੈਤਿਕਤਾ ਦੀ ਬੋਧੀ ਪ੍ਰੰਪਰਾ

ਵੈਦਿਕ ਅਤੇ ਉਪਨਿਸ਼ਦਾ ਸਾਹਿਤ ਵਿੱਚ ਧਰਮ, ਅਰਥ, ਕਾਮ, ਮੋਖਸ ਚਾਰ ਪੁਰਸਾਰਥ ਮੰਨੇ ਗਏ ਹਨ। ਜਿਨ੍ਹਾਂ ਵਿੱਚੋਂ ਮੋਖ ਜਾ ਮੁਕਤੀ ਸਰਵੋਤਮ ਹੈ। ਇਸ ਆਦਰਸ਼ ਦੀ ਪ੍ਰਾਪਤੀ ਲਈ ਮਨੁੱਖ ਧਰਮ ਦੀ ਪਾਲਣਾ ਕਰਨੀ ਪੈਂਦੀ ਹੈ। ਜਿਸ ਤੋਂ ਭਾਵ ਸਦਾਚਾਰਕ ਕਰਤੱਵ ਦਾ ਪਾਲਣ ਕਰਨਾ। ਭਾਰਤ ਵਿੱਚ ਚਿੰਤਨ ਦੀਆਂ ਦੋ ਪ੍ਰਮੁੱਖ ਪਰੰਪਰਾਵਾਂ ਹਨ। ਵੇਦ ਆਧਾਰਿਤ ਚਿੰਤਨ ਅਤੇ ਗੈਰ ਵੈਦਿਕ ਚਿੰਤਨ ਦੋਹਾਂ ਪ੍ਰੰਪਰਾਵਾਂ ਨੇ ਵੱਖਰੇਵੱਖਰੇ ਨੈਤਿਕ ਸਿਧਾਂਤ ਪੇਸ਼ ਕੀਤੇ ਹਨ। ਬੁੱਧ ਮਤ ਮੂਲ ਰੂਪ ਵਿੱਚ ਨਿਰੋਲ ਨੈਤਿਕ ਫਲਸਫਾ ਹੈ। ਜੋ ਸਦਾਚਾਰ ਕਰਤੱਵ ਨੂੰ ਆਸਤਿਕਤਾ ਉਤੇ ਆਧਾਰਿਤ ਨਹੀਂ ਕਰਦਾ।[15]

ਬੁੱਧ ਮਤ ਨੇ ਅਹਿੰਸਾ ਨੂੰ ਮਨੁੱਖ ਦਾ ਸਰਵੋਤਮਧਰਮ ਮੰਨਿਆ ਹੈ, ਚਾਰ ਪੁਰਸਾਰਥਾ ਦੀਆਂ 4 ਕੀਮਤਾਂ ਵਿੱਚੋਂ ਬੁੱਧ ਧਰਮ ਨੇ ਕੇਵਲ ਸਦਾਚਾਰਕ ਕਰਤੱਵ ਅਤੇ ਨਿਰਵਾਣ (ਮੋਖ) ਨੂੰ ਸਵੀਕਾਰ ਕੀਤਾ ਹੈ ਅਤੇ ਦੁੱਖ ਦੀ ਨਵਿਰਤੀ ਨੂੰ ਆਪਣੇ ਚਿੰਤਨ ਦੀ ਚੂਲ ਬਣਾਇਆ ਹੈ। ਬੁੱਧ ਉਹ ਹੈ ਜਿਸ ਨੂੰ 'ਬੋਧ' ਜਾਂ ਗਿਆਨ ਹੋ ਗਿਆ ਹੋਵੇ। ਅਰਥਾਤ ਜਿਸ ਨੇ ਨਿਰਵਾਣ ਪ੍ਰਾਪਤ ਕਰ ਲਿਆ ਹੋਵੇ। ਨਿਰਸੰਦੇਹ ਬੁਧ-ਮਤ ਦੇ ਵਿਸ਼ਲੇਸ਼ਣ ਵਿੱਚ ਦੁੱਖ ਤੇ ਸੰਤਾਪ ਦੀ ਵਿਸ਼ੇਸ਼ਤਾ ਇਸ ਮੱਤ ਦੇ ਨਿਰਾਸ਼ਾਵਾਦ ਦਾ ਸੂਚਕ ਹੈ, ਪਰ ਨਾਲ ਹੀ ਬੁੱਧ ਨੇ ਨੈਤਿਕ ਕਰਮ ਰਾਹੀਂ ਨਿਰਵਾਣ ਪ੍ਰਾਪਤੀ ਦਾ ਮਾਰਗ ਉਲੀਕ ਕੇ ਆਸ਼ਾਵਾਂ ਦੀ ਪੱਖ ਉਜਾਗਰ ਕੀਤਾ ਹੈ। ਅਹਿੰਸਾ ਪ੍ਰੇਮ ਅਤੇ ਮਾਨਵਵਾਦ ਦੇ ਸੁਨੇਹੇ ਨਾਲ ਬੁੱਧ ਮਤ ਨੇ ਸਾਰੀ ਮਨੁੱਖਤਾ ਨੂੰ ਇੱਕ ਲੜੀ ਵਿੱਚ ਪਰੋਣ ਦਾ ਯਤਨ ਕੀਤਾ ਹੈ।[16]

## ਨੈਤਿਕਤਾ ਦੀ ਹਿੰਦੂ ਪ੍ਰੰਪਰਾ

ਭਾਰਤ ਵਿੱਚ ਹਿੰਦੂ ਨੈਤਿਕ ਪਰੰਪਰਾ ਦਾ ਪ੍ਰਭਾਵ ਵਿਸ਼ਾਲ ਅਤੇ ਡੂੰਘਾ ਹੈ। ਭਾਰਤ ਵਿੱਚ ਰਿਗਵੈਦਿਕ ਕਾਲ ਵਿੱਚ ਸੱਚ ਅਤੇ ਦਾਨ ਜਿਹੇ ਸਮਾਜਿਕ ਗੁਣਾਂ ਨੂੰ ਉਤਮ ਮੰਨਿਆ ਜਾਂਦਾ ਸੀ।[17]

ਰਿਗਵੇਦ ਕਾਲ ਵਿੱਚ ਰਿਤ (ਹੁਕਮ) ਦਾ ਸੰਕਲਪ ਨੈਤਿਕ ਦ੍ਰਿਸ਼ਟੀ ਤੋਂ ਬੜਾ ਮਹੱਤਵਪੂਰਨ ਹੈ। ਇਸੇ ਵਿਧਾਨ ਅਧੀਨ ਨਦੀਆਂ ਵਗਦੀਆਂ ਹਨ ਅਤੇ ਸੂਰਜ ਚੰਦ ਤਾਰੇ ਆਪਣਾ ਮਾਰਗ ਪ੍ਰਾਪਤ ਕਰਦੇ ਹਨ।[18]

ਉਪਨਿਸ਼ਦਾ ਵਿੱਚ ਨੈਤਿਕਤਾ ਦਾ ਮਿਆਰ ਪਰ-ਭੌਤਿਕ ਪਾਸਾਰ ਵਿੱਚ ਦਾਖ਼ਲ ਹੁੰਦਾ ਦਿਖਾਈ ਦਿੰਦਾ ਹੈ। ਮੁੰਡਕ ਉਪਨਿਸ਼ਦ ਵਿੱਚ ਇੱਕ ਸੁਦੰਰ-ਦ੍ਰਿਸ਼ਟਾਂਤ ਰਾਹੀਂ ਇਹ ਦੱਸਣ ਦਾ ਯਤਨ ਕੀਤਾ ਗਿਆ ਹੈ ਕਿ ਮਨੁੱਖ ਦੀ ਵਾਸਤਵਿਕ ਪ੍ਰਕਿਰਤੀ ਦ੍ਰਸ਼ਟਾ ਵਾਲੀ ਹੈ। ਮਨੂੰ ਸਿਮ੍ਰਤੀ ਵਿੱਚ ਸੰਤੋਖ,ਸਤਿ ਪਵਿਤਰਤਾ, ਸੰਜਮ ਆਦਿ ਅਜਿਹੇ ਦਸ ਨੈਤਿਕ ਗੁਣ ਅਪਨਾ ਕੇ ਸੰਸਾਰ ਵਿੱਚ ਵਿਚਰਦਿਆਂ ਨਿਰਲੇਪ ਜੀਵਨ ਨੂੰ ਉਤਮ ਦੱਸਿਆ ਹੈ।

ਉਪਨਿਸ਼ਦਾ ਨਾਲ ਸਿਧਾਂਤਕ ਪੱਖੋਂ ਛੇ ਦਰਸ਼ਨ ਸੰਪਰਦਾਵਾਂ (ਸਾਖ਼, ਯੋਗ, ਨਿਆਇ, ਵੰਸ਼ੇਸ਼ਿਕ, ਮੀਮਾਂਸਾ ਅਤੇ ਵੇਦਾਂਤ) ਜੁੜੀਆ ਹੋਈਆ ਹਨ। ਇਨ੍ਹਾਂ ਦੇ ਦੋ ਪ੍ਰਮੁੱਖ ਵਿਚਾਰ ਪ੍ਰਣਾਲੀਆਂ ਨੂੰ ਜਨਮ ਦਿੱਤਾ ਹੈ। ਕਰਮਕਾਂਡੀ ਜਾਂ ਸੰਸਕਾਰੀ ਅਤੇ ਦੂਜੀ ਅਧਿਆਤਮਿਕ ਆਦਰਸ਼ ਦੀ ਧਾਰਣੀ ਪ੍ਰਣਾਲੀ ਮੋਖ ਨੂੰ ਪਰਮ ਸ਼ੁਭ ਮੰਨਦੀਆਂ ਹਨ। ਹਿੰਦੂ ਧਰਮ ਨਾਲ ਸੰਬੰਧਿਤ ਗ੍ਰੰਥਾਂ ਵਿੱਚ ਗੀਤਾ ਨੂੰ ਨੈਤਿਕ ਪ੍ਰੰਪਰਾ ਦਾ ਪ੍ਰਮੁੱਖ ਗ੍ਰੰਥ ਆਖਿਆ ਹੈ। ਜਿਸ ਵਿੱਚ ਭਗਵਾਨ ਕ੍ਰਿਸ਼ਨ ਨੇ ਧਰਮ ਦੀ ਪਾਲਣਾ ਦਾ ਉਪਦੇਸ਼ ਦਿੱਤਾ ਸੀ ਅਤੇ ਇਵੈਂ ਜੀਵਨ ਵਿੱਚ ਨੈਤਿਕਤਾ ਦਾ ਮਹੱਤਵ ਉਘਾੜਿਆ ਹੈ।

**ਗੀਤਾ ਦਾ ਨੈਤਿਕ ਉਪਦੇਸ਼**

ਸ੍ਰੀ ਮਧ ਭਗਵਤ ਗੀਤਾ ਸਦਾਚਾਰਕ ਪੱਖ ਨੂੰ ਪਰਿਭਾਸ਼ਿਤ ਕਰਦੀ ਹੈ ਅਤੇ ਸੰਤੁਲਿਤ ਬੁੱਧੀ ਆਦਰਸ਼ ਨੂੰ ਪ੍ਰਾਪਤ ਕਰਨ ਲਈ ਮਾਰਗ ਨਿਰਧਾਰਿਤ ਕਰਦੀ ਹੈ। ਗੀਤਾ ਰਣਭੂਮੀ ਨੂੰ ਵੀ ਧਰਮ ਦਾ ਖੇਤਰ ਕਹਿੰਦੀ ਹੈ। ਜਿਸ ਤੋਂ ਭਾਵ ਹੈ ਕਿ ਯੁੱਧ ਦਾ ਕਰਤੱਵ ਨਿਭਾਉਣ ਵਾਲੀ ਜਾਤੀ ਨੂੰ ਆਪਣਾ ਕਾਰਜ ਧਰਮ ਸਮਝ ਕੇ ਨਿਭਾਉਣਾ ਚਾਹੀਦਾ ਹੈ। ਖੱਤਰੀ ਦਾ ਇਹ ਧਰਮ ਨਹੀਂ ਕਿ ਉਹ ਸਾਧੂ ਬਣ ਕੇ ਰਣਭੂਮੀ ਵਿੱਚੋਂ ਨਿਕਲ ਜਾਵੇ। ਗੀਤਾ ਦੀ ਨੈਤਿਕਤਾ ਵਿੱਚ ਕੇਂਦਰੀ ਸਮੱਸਿਆ ਕਰਤੱਵਾਂ ਦੀ ਟੱਕਰ ਹੈ। ਜਿਸ ਨੂੰ ਸੁਲਝਾਉਣ ਹਿਤ ਹੀ ਗੀਤਾ ਦਾ ਉਪਦੇਸ਼ ਪ੍ਰਸਤੁਤ ਹੋਇਆ ਹੈ।

ਗੀਤਾ ਗਿਆਨ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ, ਤਿੰਨਾਂ ਦੇ ਸੰਯੋਗ ਉੱਤੇ ਬਲ ਦਿੰਦੀ ਹੈ ਗਿਆਨ, ਕਰਮ ਅਤੇ ਪ੍ਰੇਮ ਦੇ ਮਾਰਗ ਮਨੁਖੱ ਦੇ ਬੌਧਿਕ, ਕ੍ਰਿਆਤਮਕ ਅਤੇ ਭਾਵੁਕ ਪੱਖਾਂ ਦੇ ਅਨੁਸਾਰੀ ਹਨ। ਗੀਤਾ ਸੰਸਾਰ ਤੋਂ ਉਪਰਾਮ ਹੋਣ ਦੀ ਸਿੱਖਿਆ ਨਹੀਂ ਦਿੰਦੀ, ਪਰ ਨਾਲ ਹੀ ਮੋਹ-ਮਾਇਆ ਦੇ ਜਾਲ ਵਿੱਚ ਖੁੱਭਣ ਵਿਰੁੱਧ ਤਾੜਨਾ ਵੀ ਕਰਦੀ ਹੈ। ਗਿਆਨਵਾਨ, ਕਰਮਯੋਗੀ ਅਤੇ ਭਗਤ ਇਕ ਹੀ ਵਿਅਕਤੀ ਹਨ। ਜਿਸ ਨੇ ਜੀਵਨ ਦੇ ਤਿੰਨ ਮੁੱਖਪੱਖਾਂ ਨੂੰ ਸੰਤੁਲ ਵਿੱਚ ਲਿਆ ਕੇ ਨੈਤਿਕ ਅਤੇ ਅਧਿਆਤਮਿਕ ਜੀਵਨ ਨੂੰ ਇੱਕ ਸੁਰ ਕਰ ਲਿਆ ਹੁੰਦਾ ਹੈ।

**ਨੈਤਿਕਤਾ ਅਤੇ ਭਗਤੀ ਲਹਿਰ**

ਭਾਰਤੀ ਨੈਤਿਕ ਚਿੰਤਨ ਦੇ ਸਿਧਾਂਤ ਗੀਤਾ, ਰਮਾਇਣ, ਮਹਾਂਭਾਰਤ, ਯੋਗ ਵਸ਼ਿਸ਼ਟ ਆਦਿ ਹੋਰ ਕਈ ਰਚਨਾਵਾਂ ਵਿੱਚ ਵੀ ਉਪਲਬਧ ਹਨ। ਭਾਰਤ ਵਿੱਚ ਕਈ ਲਹਿਰਾਂ ਚੱਲੀਆ ਜਿੰਨ੍ਹਾਂ ਦਾ ਉਦੇਸ਼ ਅਧਿਆਤਮਿਕ ਪੂਰਨ ਜਾਗ੍ਰਣ ਸੀ। ਮੱਧ ਕਾਲੀਨ ਭਾਰਤ ਵਿੱਚ ਭਗਤੀ ਲਹਿਰ ਅਧੀਨ ਨੈਤਿਕ ਦ੍ਰਿਸ਼ਟੀ ਤੋਂ ਮਨੁੱਖ ਨਾਲ ਪ੍ਰੇਮ ਦੀ ਭਾਵਨਾ ਉਪਰ ਬਲ ਦਿੱਤਾ

ਗਿਆ। ਭਗਤੀ ਲਹਿਰ ਨੇ ਇੱਕ ਉਸਾਰੂ ਜੀਵਨ ਮਾਰਗ ਦਾ ਸੰਦੇਸ਼ ਦਿੱਤਾ ਅਤੇ ਈਸ਼ਵਰ ਦੀ ਭਗਤੀ ਅਤੇ ਉਸ ਦੀ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨ ਲਈ ਨੈਤਿਕ ਸ਼ੁੱਧਤਾ ਨੂੰ ਪ੍ਰਮੁੱਖਤਾ ਦਿੱਤੀ ਹੈ। ਸਮੁੱਚੀ ਭਗਤੀ ਲਹਿਰ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਇਸ ਨੇ ਵਰਣ ਅਵਸਥਾ ਦੀਆਂ ਅਮਾਨਵੀ ਕੁਰੀਤੀਆਂ ਨੂੰ ਦੂਰ ਕਰਨ ਅਤੇ ਸਮਾਜਿਕ ਨੈਤਿਕਤਾ ਨੂੰ ਸਮਕਾਲੀ ਲੋੜਾਂ ਅਨੁਸਾਰ ਢਾਲਣ ਦਾ ਇਤਿਹਾਸਕ ਮਹੱਤਵ ਵਾਲਾ ਕਾਰਜ ਕੀਤਾ।

ਸਿੱਖ ਮਤ ਦੀ ਜੀਵਨ ਜਾਂਚ ਇਕ ਵਿਸ਼ੇਸ਼ ਆਤਮਿਕ ਅਨੁਭਵ ਦੀ ਤਿਆਰੀ ਹੈ। ਜਿਸ ਦੀ ਅਧਿਆਤਮਿਕ ਵਿਸ਼ੇਸ਼ਤਾ ਪ੍ਰਭੂ ਨਾਲ ਅਭੇਦਤਾ ਤੇ ਵਿਸਮਾਦ ਦਾ ਅਨੁਭਵ ਹੈ ਅਤੇ ਨੈਤਿਕ ਵਿਸ਼ੇਸ਼ਤਾ ਪਰਉਪਰਕਾਰੀ ਤੇ ਸਦਾਚਾਰਕ ਜੀਵਨ ਹੈ।[21]

ਗੁਰਬਾਣੀ ਦਾ ਮੂਲ ਰੂਪ ਵਿੱਚ ਅਧਿਆਤਮਿਕ ਦਾ ਕਾਵਿ ਰੂਪ ਵਿੱਚ ਪ੍ਰਗਟਾਵਾ ਹੈ, ਜਿਸ ਦਾ ਮਨੋਰਥ ਮਨੁੱਖ ਦਾ ਆਤਮਿਕ ਕਲਿਆਣ ਹੈ। ਸਿੱਖ ਨੈਤਿਕਤਾ ਦੇ ਡੂੰਘੇ ਅਤੇ ਗੰਭੀਰ ਅਧਿਐਨ ਲਈ ਗੁਰਬਾਣੀ ਵਿਚਲੇ ਦ੍ਰਿਸ਼ਟੀਕੋਣਾ ਨੂੰ ਆਧਾਰ ਬਣਾਉਣਾ ਜਰੂਰੀ ਹੈ ਜੋ ਸਿੱਖ ਦੇ ਕਰਤੱਵ, ਉਦੇਸ਼ਾਂ ਅਤੇ ਨੈਤਿਕ ਗੁਣਾ ਦਾ ਨਿਰਣਾ ਕਰਦੇ ਹਨ।[22]

ਸਿੱਖ ਸਮਾਜ ਦੇ ਸਦਾਚਾਰ ਕਰਤਵਾਂ ਵਿੱਚ ਸੁਦਗੁਣਾਂ ਦਾ ਵਿਕਾਸ ਸੁੱਚੀਆ ਕੀਮਤਾਂ ਦੀ ਕਮਾਈ, ਬਦੀ ਤੋਂ ਪ੍ਰਹੇਜ਼, ਭਾਈਚਾਰਕ ਜੀਵਨ ਇਕਸੁਰਤਾ ਆਦਿ ਆਉਂਦੇ ਹਨ। ਧਰਮ ਦੀ ਪਾਲਣਾ ਅਤੇ ਬਦੀ ਦੇ ਟਾਕਰੇ ਲਈ ਨਿਡਰਤਾ ਅਤੇ ਨਿਰਭੈਤਾ ਸਿੱਖ ਨੈਤਿਕਤਾ ਦੀ ਲਗਭਗ ਹਰੇਕ ਸਦਗੁਣ ਸੂਚੀ ਵਿੱਚ ਸ਼ਾਮਿਲ ਹਨ। ਇਨ੍ਹਾਂ ਗੁਣਾਂ ਦੇ ਆਧਾਰ ਉਤੇ ਹੀ 'ਸੰਤ ਸਿਪਾਹੀ' ਦਾ ਸੰਕਲਪ ਉਸਾਰਿਆ ਹੋਇਆ ਹੈ।

ਵਿਸ਼ਵ ਨੈਤਿਕਤਾ ਦੇ ਸੰਦਰਭ ਵਿੱਚ ਸਿੱਖ ਨੈਤਿਕਤਾ ਇੱਕ ਸੰਪੂਰਨ ਮਨੁੱਖ ਦੀ ਉਸਾਰੀ ਦਾ ਸੰਕਲਪ ਉਸਾਰਦੀ ਹੈ ਅਤੇ ਸਰਬੱਤ ਦੇ ਭਲੇ ਦਾ ਸਮਾਜਿਕ ਅਦਰਸ਼ ਸਾਂਝੇ ਮਨੁੱਖੀ ਭਾਈਚਾਰੇ ਅਤੇ ਮਾਨਵਵਾਦੀ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਸਿੱਖ ਨੈਤਿਕਤਾ ਪਰੰਪਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੰਕਲਿਤ ਭਗਤ ਬਾਣੀ ਤੋਂ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਗੁਰੂ ਬਾਣੀ ਅਤੇ ਭਗਤ ਬਾਣੀ ਵਿੱਚ ਵਿਅਕਤ ਨੈਤਿਕਤਾ ਦਾ ਸਰੂਪ ਇੱਕ ਦੂਜੇ ਤੋਂ ਅਨਿਖੜ ਹੈ ਕਿਤੇ-ਕਿਤੇ ਭਗਤ ਬਾਣੀ ਦੀ ਵਧੇਰੇ ਵਿਆਖਿਆ ਤੇ ਸਪੱਸ਼ਟਤਾ ਲਈ ਗੁਰੂ ਬਾਣੀ ਦੀਆਂ ਉਦਾਹਰਣਾ ਵੀ ਲੈ ਲਈਆਂ ਹਨ ਤਾਂ ਕਿ ਵਿਸ਼ੇ ਦੀ ਪਕੜ ਹੋਰ ਵਧੇਰੇ ਸੁਦ੍ਰਿੜ ਹੋ ਸਕੇ।

ਪ੍ਰਭੂ ਭਗਤੀ ਹੀ ਸਭ ਤੋਂ ਉੱਤਮ ਤੇ ਪੂਰਨ ਜੁਗਤੀ ਹੈ ਕਿ ਪ੍ਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਇੱਕ ਸਰਵ ਕਾਲੀਨ ਅਤੇ ਸਰਵ-ਸਾਂਝਾ ਹੈ। ਭਗਤੀ ਲਹਿਰ ਦੇ ਭਗਤਾਂ ਨੇ ਸਭ ਤੋਂ ਵੱਡੀ ਗੱਲ ਇਹ ਕੀਤੀ ਹੈ ਕਿ ਮਨੁੱਖਾ ਵਿੱਚ ਦਿਸਦੇ ਭਿੰਨ ਭੇਦਾਂ ਨੂੰ ਅੱਖੋ ਉਹਲੇ ਕਰਕੇ ਸਰਬ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ। ਭਗਤਾਂ ਨੇ ਮਨੁੱਖ ਨੂੰ ਆਪਸ ਵਿੱਚ ਪਿਆਰ ਕਰਨ ਦੀ ਸਿੱਖਿਆ ਦਿੱਤੀ ਅਤੇ ਸਾਰੀ ਮਨੁੱਖ ਜਾਤੀ ਨੂੰ ਅਕਾਲ ਪੁਰਖ ਦੀ ਰਚਨਾ ਕਿਹਾ। ਭਗਤ ਕਬੀਰ ਜੀ ਆਪਣੀ ਬਾਣੀ ਰਾਹੀ ਸੰਦੇਸ਼ ਦਿੰਦੇ ਹਨ:

ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ
ਲੋਗਾ ਭਰਮਿ ਨ ਭੂਲਹੁ ਭਾਈ ਖਾਲਿਕੁ ਖਲਕ ਮਹਿ ਖਾਲਿਕ ਪੂਰ ਰਹਿਓ ਸ੍ਰਬ ਠਾਈ ਰਹਾਉ।।
ਮਾਟੀ ਏਕ ਅਨੇਕ ਭਾਂਤਿ ਕਰਿ ਸਾਜੀ ਸਾਜਨਹਾਰੈ[22]

ਭਗਤ ਕਬੀਰ ਜੀ ਨੇ ਸਦਗੁਣਾਂ ਨੂੰ ਧਾਰਨ ਕਰਨ ਅਤੇ ਔਗੁਣਾ ਦਾ ਤਿਆਗ ਕਰਨ ਫਰਮਾਉਂਦੇ ਹਨ

ਤਿਸ ਮਹਿ ਧਾਰ ਚੁਐ ਅਤਿ ਨਿਰਮਲ ਰਸ ਮਹਿ ਰਸਨ ਚੁਆਇਆਂ[23]

ਆਪ ਜੀ ਨੇ ਉਪਦੇਸ਼ ਦਿੱਤਾ ਹੈ ਕਿ ਦਸਮ ਦੁਆਰ ਹੁਣ ਭੱਠ ਬਣੀ ਹੋਈ ਹੈ, ਬੁਰੇ ਕਰਮਾ ਦਾ ਤਿਆਗ ਤੇ ਸ਼ੁਭ ਗੁਣਾਂ ਦਾ ਗ੍ਰਹਿਣ, ਦੋ ਨਾਲਾ ਹਨ। ਸ਼ੁੱਧ ਅੰਤਹਕਰਣ ਸੋਨੇ ਦਾ ਘੜਾ ਹੈ, ਜਿਸ ਦੇ ਵਿੱਚ ਬਹੁਤ ਸਾਫ਼ ਧਾਰ ਡਿੱਗ ਰਹੀ ਹੈ, ਇਸ ਮਹਾਂਰਸ ਮਦ ਅਸਾਂ ਚੱਖਣਾ ਹੈ ਆਪ ਨੇ ਇਸ ਸ਼ਬਦ ਵਿੱਚ ਉਪਦੇਸ਼ ਦਿੱਤਾ ਹੈ ਕਿ ਮਨੁੱਖ ਨੂੰ ਸਦਗੁਣਾਂ ਨੂੰ ਧਾਰਨ ਕਰਨਾ ਅਤੇ ਔਗੁਣਾ ਦਾ ਤਿਆਗ ਕਰਨਾ ਚਾਹੀਦਾ ਹੈ। ਭਗਤ ਕਬੀਰ ਜੀ ਨੇ ਹਰ ਇੱਕ ਜੀਵ ਨੂੰ ਦਇਆ ਭਾਵ ਰੱਖਣ ਲਈ ਕਿਹਾ ਹੈ। ਭਗਤ ਕਬੀਰ ਜਾ ਦਾ ਫੁਰਮਾਨ ਹੈ:

ਦਇਆ ਫਾਹੁਰੀ ਕਾਇਆ ਕਰਿ ਧੂਈ ਦ੍ਰਿਸਟਿ ਕੀ ਅਗਨਿ ਜਲਾਵੈ
ਤਿਸ ਕਾ ਭਾਉ ਲਏ ਰਿਦ ਅੰਤਰਿ ਚਹੁ ਜੁਗ ਤਾੜੀ ਲਾਵੈ[25]

ਭਗਤ ਕਬੀਰ ਜੀ ਜੋਗੀ ਨੂੰ ਸੰਬੋਧਨ ਕਰਦੇ ਹਨ ਹੈ ਜੋਗੀ! ਦਇਆ ਦੀ ਫਹੁੜੀ ਬਣਾ ਆਪਣੀ ਕਾਇਆ (ਨੂੰ ਹੀ ਸਾੜ) ਧੂਈ, ਤਪੇ ਤੇ ਸਮਦ੍ਰਿਸ਼ਟੀ ਦੀ ਅੱਗ ਦੁਆਰਾ (ਸਰੀਰ ਨੂੰ ਦੁਰਗੰਧ ਕਰੇ) ਉਸ ਨਿਰੰਕਾਰ ਦਾ ਪ੍ਰੇਮ ਦਿਲ ਵਿੱਚ ਲੈ ਕੇ (ਚਾਰ ਯੁਗਾਂ ਵਿੱਚ ਪ੍ਰਯੰਤ ਰਹਿਣ ਵਾਲੀ) ਸਦਾ ਦੀ ਸਮਾਧੀ ਲਾਵੇ, ਉਹ ਅਸਲ ਜੋਗੀ ਹੋ ਸਕਦਾ ਹੈ। ਇਥੇ ਆਪ ਨੇ ਪ੍ਰਮਾਤਮਾ ਦੇ ਪਿਆਰ ਅਤੇ ਜੀਵਾਂ ਨਾਲ ਦਇਆ ਕਰਨ ਦਾ ਉਪਦੇਸ਼ ਦਿੱਤਾ ਹੈ। ਇਸੇ ਸ਼ਬਦ ਵਿੱਚ ਕਬੀਰ ਜੀ ਨੇ ਭਗਤੀ ਰਾਹੀ ਗਿਆਨਵਾਨ ਬਣਨ ਦਾ ਉਪਦੇਸ਼ ਦਿੱਤਾ ਉਹ ਸੱਚਤੀ ਨੈਤਿਕਤਾ ਹੈ।

ਖਿੰਥਾ ਗਿਆਨ ਧਿਆਨ ਕਰਿ ਸੂਈ ਸਬਦੁ ਤਾਗਾ ਮਥਿ ਘਾਲੈ
ਪੰਚ ਤਤੁ ਕੀ ਕਰਿ ਮਿਰਗਾਣੀ ਗੁਰ ਕੈ ਮਾਰਗਿ ਚਾਲੈ।[26]

ਕਬੀਰ ਜੀ ਅਨੁਸਾਰ ਗਿਆਨ ਦੀ ਜੋਗੀ ਗੋਦੜੀ ਬਣਾਏ ਤੇ (ਉਸ ਨੂੰ ਸੀਉਣ ਲਈ) ਧਿਆਨ ਦੀ ਸੂਈ ਲੈ ਕੇ ਉਹਦੇ ਵਿੱਚ ਸ਼ਬਦ ਦੀ ਕਮਾਈ ਦਾ ਧਾਗਾ ਪਾਵੇ ਪੰਜਾ ਤੱਤਾਂ ( ਦੇ ਗੁਣ ਧਾਰਨ ਕਰਨ ਰੂਪ) ਮਿਰਗਾਣੀ ਇੱਛਾ ਦੇ ਗੁਰੂ ਦੇ ਦੱਸੇ ਰਾਹ ਤੇ ਤੁਰੇ ਉਹੀ ਸੱਚਾ ਜੋਗੀ ਹੋ ਸਕਦਾ ਹੈ।

ਭਗਤ ਕਵੀਆਂ ਨੇ ਆਪਣੀ ਭਗਤੀ ਰਾਹੀਂ ਨੈਤਿਕ ਜੀਵਨ ਪ੍ਰਤੀ ਸੁਹਿਰਦ ਮਨੁੱਖ ਨੂੰ ਚੰਗੇ ਵਿਆਕਤੀਆਂ ਦੀ ਸੰਗਤ ਵਿੱਚ ਰਹਿਣਾ ਚਾਹੀਦਾ ਹੈ ਕਿ ਸੰਗਤ ਵਿੱਚ ਰਹਿ ਕੇ ਮਨੁੱਖ ਦੀ ਘਾੜਤ ਘੜੀ ਜਾਂਦੀ ਹੈ। ਉਸ ਨੂੰ ਚੰਗਾ ਜਾਂ ਬੁਰੇ ਦਾ ਪਤਾ ਲਗਦਾ ਹੈ। ਭਗਤ ਕਬੀਰ ਜੀ ਆਖਦੇ ਹਨ:

ਕਬੀਰ ਮਨ ਪੰਖੀ ਭਇਓ ਉਡਿ ਉਡਿ ਦਹ ਦਿਸ ਜਾਇ
ਜੋ ਜੈਸੀ ਸੰਗਤਿ ਮਿਲੈ ਸੋ ਤੈਸਾ ਹੀ ਫਲ ਪਾਇ।[27]

ਭਗਤ ਰਵਿਦਾਸ ਜੀ ਅਨੁਸਾਰ ਸਵਰਗਾਂ ਬੈਕੁੰਠ ਦਾ ਰਾਜ ਵੀ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ ਕਿਸੇ ਕੰਮ ਨਹੀਂ

ਦੁਲਭ ਜਨਮੁ ਪੁੰਨ ਫਲ ਪਾਇਓ ਬਿਰਥਾ ਜਾਤ ਅਬਿਬੇਕੇ
ਰਾਜੇ ਇੰਦ੍ਰ ਸਮਾਸਰਿ ਗ੍ਰਿਹ ਆਸਨ ਬਿਨ ਭਗਤਿ ਕਹਹੁ ਕਿਹ ਲੇਖੈ।[28]

ਪ੍ਰਮਾਤਮਾ ਦਾ ਪ੍ਰਕਾਸ਼ ਕੀੜਿਆ, ਪਤੰਗਿਆ, ਪਸ਼ੂ-ਪੰਛੀਆ ਵਿੱਚ ਹੀ ਨਹੀਂ ਸਗੋਂ ਜੜ ਵਸਤੂਆ ਵਿੱਚ ਵੀ ਰਸਿਆ ਹੋਇਆ ਹੈ। ਪ੍ਰੰਤੂ ਇਸ ਅੰਦਰਲੇ ਪ੍ਰਕਾਸ਼ ਨਾਲ ਜੁੜਨ ਅਤੇ ਇਸ ਨਾਲ ਜੁੜਦੇ ਇਸ ਦੇ ਸ੍ਰੋਤ ਸੱਚਖੰਡ ਵਾਪਸ ਪਹੁੰਚਣ ਦੀ ਤਾਕਤ ਪ੍ਰਮਾਤਮਾ ਨੇ ਸਿਰਫ ਮਾਨਵ ਨੂੰ ਹੀ ਦਿੱਤੀ ਹੈ।

ਭਗਤ ਕਬੀਰ ਜੀ ਨੇ ਪ੍ਰਮੇਸ਼ਰ ਦੇ ਨਾਮ ਦੀ ਕਮਾਈ ਅਤੇ ਮੁਕਤੀ ਦੀ ਪ੍ਰਾਪਤੀ ਕੇਵਲ ਮਾਨਵ ਜਨਮ ਵਿੱਚ ਹੋ ਸਕਣ ਦਾ ਉਪਦੇਸ਼ ਇਉਂ ਦਿੱਤਾ ਹੈ:

ਗੁਰ ਸੇਵਾ ਤੇ ਭਗਤਿ ਕਮਾਈ
ਤਬ ਇਹ ਮਾਨਸ ਦੇਹੀ ਪਾਈ
ਏਸ ਦੇ ਹੀ ਕੋਉ ਸਿਮਰਹਿ ਦੇਵ ਸੋ ਦੇਹੀ ਭਜੁ ਹਰਿ ਕੀ ਸੇਵ[29]

ਦੁਨੀਆਂ ਦੀਆਂ ਸਾਰੀਆਂ ਚੀਜਾਂ ਦਾ ਸੰਬੰਧ ਮਾਨਵ ਨਾਲ ਹੈ ਜਦ ਤੱਕ ਇਹ ਮਾਨਵ ਜਿੰਦਾ ਹੈ, ਸਾਰੇ ਉਸ ਨੂੰ ਆਪਣਾ ਸਮਝਦੇ ਹਨ ਅਸੀਂ ਸਭ ਨੂੰ ਆਪਣਾ ਸਮਝਦੇ ਹਾਂ। ਆਖਰ ਸਮੇਂ ਸਰੀਰ ਵੀ ਨਾਲ ਨਹੀਂ ਜਾਂਦਾਹੋਰ ਕਿਸੇ ਨੇ ਤਾਂ ਜਾਣਾ ਹੀ ਕੀ ਹੈ! ਪ੍ਰਮਾਤਮਾ ਦਾ ਨਾਮ ਆਪਣਾ ਹੈ ਪਰ ਮਾਨਵ ਸਾਰੀ ਉਮਰ ਇਸ ਵੱਲ ਧਿਆਨ ਨਹੀਂ ਦਿੰਦਾ ਅਤੇ ਦੁਨੀਆਂ ਦੇ ਰਿਸ਼ਤਿਆਂ ਨਾਲ ਮੋਹ ਪਾਈ ਰੱਖਦਾ ਹੈ। ਅੰਤ ਸਮੇਂ ਉਨ੍ਹਾਂ ਵਿੱਚੋਂ ਕੋਈ ਵੀ ਉਸਦਾ ਆਪਣਾ ਨਹੀਂ ਬਣਦਾ। ਭਗਤ ਕਬੀਰ ਜੀ ਆਖਦੇ ਹਨ:

ਜਬ ਲਗੁ ਤੇਲੁ ਦੀਵੇ ਮੁਖਿ ਬਾਤੀ ਤਬ ਸੂਜੇ ਸਭ ਕੋਈ
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰੁ ਹੋਈ।
ਰੇ ਬਉਰੇ ਤੁਹਿ ਘਰੀ ਨ ਰਾਖੈ ਕੋਈ
ਤੂੰ ਰਾਮ ਨਾਮ ਜਪਿ ਸੋਈ। ਰਹਾਉ।

...................................................

ਕਹਤ ਕਬੀਰੁ ਸੁਨਹੁ ਰੇ ਸੰਤਹੁ ਭੈ ਸਾਗਰ ਕੈ ਤਾਈ
ਇਸੁ ਬੰਦੇ ਸਿਰਿ ਜ਼ੁਲਮ ਹੋਤ ਹੈ ਜਮੁ ਨਹੀ ਹਟੈ ਗੁਸਾਈ[30]

ਭਗਤ ਕਬੀਰ ਜੀ ਨੇ ਵਾਰ ਵਾਰ ਪ੍ਰਮਾਤਮਾ ਦੀ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ। ਕਿ ਨੈਤਿਕ ਜੀਵਨ ਵਾਸਤੇ ਸਿਰਫ ਤੇ ਸਿਰਫ ਮਾਨਵ ਹੀ ਇੱਕ ਆਲ੍ਹਾ ਦਰਜੇ ਦਾ ਜੀਵ ਹੈ। ਹੁਣ ਮੌਕਾ ਹੈ ਕਿ ਉਹ ਪ੍ਰਮਾਤਮਾ ਨਾਲ ਪ੍ਰੀਤ ਪਾ ਸਕਦਾ ਹੈ ਅਤੇ ਸਦਾ ਲਈ ਆਪਣੇ ਮਨੁੱਖੀ ਜੀਵਨ ਦੇ ਬੰਧਨਾਂ ਤੋਂ ਮੁਕਤਿ ਹੋ ਸਕਦਾ ਹੈ

ਇਹੀ ਤੇਰਾ ਆਉਸਰੁ ਇਹ ਤੇਰੀ ਬਾਰ
ਘਟ ਭੀਤਰ ਤੂ ਦੇਖੁ ਬਿਚਾਰਿ
ਕਹਤ ਕਬੀਰ ਜੀਤਿ ਕੈ ਹਾਰਿ
ਬਹੁਬਿਧਿ ਕਹਿਓ ਪੁਕਾਰਿ ਪੁਕਾਰਿ[31]

ਭਗਤ ਕਬੀਰ ਜੀ ਨੇ ਮਾਨਵ ਜੀਵ ਨੂੰ ਭਗਤੀ ਕਰਨ ਦਾ ਉਪਦੇਸ਼ ਦਿੱਤਾ ਹੈ ਕਿ ਮਨੁੱਖਾ ਜਨਮ ਦੁਰਲੱਭ ਹੈ ਮੁੜ ਮੁੜ ਹੱਥ ਨਹੀਂ ਆਉਂਦਾ। ਜਿਸ ਤਰ੍ਹਾਂ ਬਨ ਵਿੱਚ ਪੱਕੇ ਫਲ ਜਮੀਨ ਤੇ ਡਿੱਗ ਪੈਂਦੇ ਹਨ ਮੁੜ ਟਾਹਣੀ ਨਾਲ ਨਹੀਂ ਲਗਦੇ। ਇਸੇ ਤਰ੍ਹਾਂ ਮੌਤ ਤੋਂ ਬਾਅਦ ਮਨੁੱਖਾ ਜਨਮ ਦੀ ਪ੍ਰਾਪਤੀ ਹੋਣੀ ਅਸੰਭਵ ਹੈ ਫਿਰ ਪਤਾ ਨਹੀਂ ਕਰਮਾਂ ਅਨੁਸਾਰ ਕਿਹੜੀਆਂ ਕਿਹੜੀਆਂ ਜੂਨਾ ਦਾ ਚੱਕਰ ਪੂਰਾ ਕਰਨਾ ਪਵੇ। ਆਪ ਜੀ ਸੰਕੇਤ ਕਰਦੇ ਹਨ:

ਕਬੀਰ ਮਾਨਸ ਜਨਮੁ ਦੁਲੰਭ ਹੈ ਹੋਇ ਨ ਬਾਰੈ ਬਾਰ
ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ[32]

ਕਬੀਰ ਜੀ ਨੇ ਮਾਨਵ ਨੂੰ ਮਿੱਟੀ ਦਾ ਬੁੱਤਲਾ ਵੀ ਕਿਹਾ ਹੈ। ਉਹ ਉਪਦੇਸ਼ ਦਿੰਦੇ ਹਨ ਕਿ ਅਸੀਂ ਮਿੱਟੀ ਦੇ ਪੁਤਲੇ ਹਾਂ, ਜਿਨ੍ਹਾਂ ਦਾ ਨਾਉ ਮਨੁੱਖ ਰੱਖਿਆ ਹੋਇਆ ਹੈ। ਚਾਰ ਦਿਨ ਦੇ ਪ੍ਰਾਹੁਣੇ ਹਾਂ ਤੇ ਵੱਡੇ ਵੱਡੇ ਪਏ ਰੁੰਨ੍ਹਦੇ ਹਾਂ

ਕਬੀਰ ਮਾਟੀ ਕੇ ਹਮ ਪੂਤਰੇ ਮਾਨਸ ਰਾਖਿਉ ਨਾਉ।
ਚਾਰਿ ਦਿਵਸ ਕੇ ਪਾਹੁਨੇ ਬਡ ਬਡ ਰੂੰਧਹਿ ਠਾਉ[33]

ਭਗਤ ਕਵੀਆਂ ਨੇ ਆਪਣੀ ਭਗਤੀ ਦੇ ਅਨੁਭਵ ਰਾਹੀਂ ਆਪਣੀ ਬਾਣੀ ਵਿੱਚ ਦੱਸਿਆ ਕਿ ਨੈਤਿਕ ਜੀਵਨ ਉੱਚਾ ਅਤੇ ਸੁੱਚਾ ਰੱਖਣਾ ਚਾਹੀਦਾ ਹੈ ਤਾਂ ਹੀ ਉਹ ਆਪਣੇ ਅਸਲੇ ਦੀ ਪਛਾਣ ਕਰ ਸਕਦਾ ਹੈ। ਮਨੁੱਖ ਦੁਨੀਆਂ ਵਿੱਚ ਆ ਕੇ ਇੱਕ ਪਰਿਵਾਰ ਅਤੇ ਸਮਾਜ ਦਾ ਅੰਗ ਬਣ ਜਾਂਦਾ ਹੈ ਸਮਾਜ ਦੀਆਂ ਬਦਲਦੀਆਂ ਪਰਿਸਥਿਤੀਆਂ ਦਾ ਅਸਰ ਉਸ ਦੇ ਨਿੱਤ ਦੇ ਜੀਵਨ ਉਤੇ ਵੀ ਪੈਂਦਾ ਹੈ। ਕੋਈ ਵਿਅਕਤੀ ਚੰਗਾ ਹੈ ਜਾਂ ਬੁਰਾ ਹੈ ਉਸ ਦੀ ਪਛਾਣ ਉਸ ਦੀ ਸੰਗਤ ਤੋਂ ਹੋ ਜਾਂਦੀ ਹੈ। ਜਿਸ ਤਰ੍ਹਾਂ ਪ੍ਰਾਕਿਰਤੀ, ਆਚਾਰ, ਵਿਹਾਰ ਦੇ ਲਿਹਾਜ ਨਾਲ ਜਿਹੋ ਜਿਹਾ ਕੋਈ ਬੰਦਾ ਹੋਵੇਗਾ, ਉਹੋ ਜਿਹੇ

ਸਮਾਜ ਦੇ ਬੰਦਿਆ ਨਾਲ ਉਹ ਮਿਲਣਾ-ਜੁਲਣਾ ਪਸੰਦ ਕਰੇਗਾ। ਭਗਤ ਕਬੀਰ ਜੀ ਨੇ ਆਪਣੇ ਨੈਤਿਕ ਜੀਵਨ ਨੂੰ ਉੱਚਾ ਚੁੱਕਣ ਲਈ ਸੱਚੀ ਸੰਗਤ ਦੀਗੱਲ ਕੀਤੀ ਹੈ। ਮਾੜੀ ਸੰਗਤ ਦਾ ਸੰਗ ਨਾ ਕਰਨ ਬਾਰੇ ਕਿਹਾ ਹੈ:

ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ[34]

ਆਪ ਜੀ ਦੇ ਕਹਿਣ ਤੋਂ ਭਾਵ ਹੈ ਕਿ ਸ਼ਕਤੀ ਦੇ ਉਪਾਸਕਾ ਜਾਂ ਮਾਇਆ ਦੇ ਪ੍ਰੇਮੀਆਂ ਦੇ ਪਰਛਾਵੇਂ ਤੋਂ ਵੀ ਬਚਣਾ ਚਾਹੀਦਾ ਹੈ। ਕੱਜਲ ਦੀ ਕੋਠੜੀ ਵਿੱਚ ਵੜਨ ਵਾਲਿਆ ਲਈ ਆਪਣੇ ਆਪ ਨੂੰਦਾਗਾਂ ਤੋਂ ਬਚਾ ਲਿਆਉਣਾ ਸੰਭਵ ਨਹੀਂ ਹੁੰਦਾ। ਕਬੀਰ ਜੀ ਦਾ ਸਲੋਕ ਹੈ

ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ
ਉਹ ਨਿਤ ਸੁਨੈ ਹਰਿਨਾਮੁ ਜਸੁ ਉਹ ਪਾਪ ਬਿਸਾਹਨ ਜਾਇ।[35]

ਭਗਤ ਬਾਣੀ ਵਿੱਚ ਸਮੂਹ ਭਗਤਾਂ ਨੇ ਆਪਣੀ ਬਾਣੀ ਵਿੱਚ ਭਗਤੀ ਕਰਕੇ ਨੈਤਿਕ ਗੁਣ, ਨੈਤਿਕ ਵਿਚਾਰ ਪ੍ਰਗਟ ਕਰਦੇ ਹੋਏ ਸਮਾਜ ਦੀ ਅਗਵਾਈ ਕੀਤੀ ਹੈ। ਉਨ੍ਹਾਂ ਨੇ ਨੈਤਿਕ ਗੁਣਾਂ ਦੀ ਮਹੱਤਤਾ ਸੰਬੰਧੀ ਆਖਿਆ ਹੈ ਕਿ ਨੈਤਿਕਤਾ ਜੀਵਨ ਨੂੰ ਜੀਵਨ ਦਾ ਅਨਿਖੜਵਾਂ ਅੰਗ ਬਣਾਉਣ ਨਾਲ ਇੱਕ ਚੰਗੇ ਅਤੇ ਸੁਖਮਈ ਸਮਾਜ ਦੀ ਉਸਾਰੀ ਹੋ ਸਕਦੀ ਹੈ। ਭਗਤ ਬਾਣੀ ਵਿੱਚ ਆਪਣੇ ਭਗਤੀ ਦੇ ਅਨੁਭਵ ਦੇ ਆਧਾਰ ਤੇ ਭਗਤਾਂ ਨੇ ਸਦਗੁਣਾਂ ਦਾ ਗ੍ਰਹਿਣ ਕਰਨ ਲਈ ਸੱਚ ਦੇ ਧਾਰਨੀ ਹੋਣਾ, ਸਭ ਦਾ ਭਲਾ ਕਰਨਾ, ਨੇਕੀ, ਦਇਆ, ਨਿਮਰਤਾ, ਸਬਰ ਸੰਤੋਖ, ਆਚਰਨ ਦੀ ਸੁੱਚਮਤਾ, ਪ੍ਰਮਾਤਮਾ ਦੇ ਹੁਕਮ ਵਿੱਚ ਰਹਿਣਾ ਆਦਿ ਉਤੇ ਜ਼ੋਰ ਦਿੱਤਾ। ਇਹ ਸਦਗੁਣਾਂ ਨੂੰ ਧਾਰਨ ਕਰਨ ਨਾਲ ਹੀ ਮਨੁੱਖ ਆਪਣਾ ਅਤੇ ਦੂਜਿਆਂ ਦਾ ਜੀਵਨ ਸੁੱਖੀ ਬਣਾ ਸਕਦਾ ਹੈ ਅਤੇ ਸਮਾਜ ਵਿੱਚ ਸ਼ਾਂਤੀ ਦੀ ਲਹਿਰ ਦੌੜ ਸਕਦੀ ਹੈ। ਸੱਚ ਦਾ ਧਾਰਨੀ ਹੋਣਾ ਨੈਤਿਕ ਗੁਣ ਹੈ। ਭਗਤ ਬਾਣੀ ਵਿੱਚ ਸੱਚ ਬੋਲਣ ਤੇ ਜ਼ੋਰ ਦਿੱਤਾ ਗਿਆ ਹੈ। ਕਬੀਰ ਜੀ ਨੇ ਰਾਗ ਗਾਉੜੀ ਪੂਰਬੀ ਬਾਵਨ ਅੱਖਰੀ ਵਿੱਚ ਆਖਦੇ ਹਨ:

ਬਾਵਨ ਅੱਖਰ ਜੋਰੇ ਆਨਿ ਸਕਿਆ ਨ ਅਖਰੁ ਏਕੁ ਪਛਾਨਿ
ਸਤ ਕਾ ਸਬਦੁ ਕਬੀਰਾ ਕਹੈ। ਪੰਡਤਿ ਹੋਇ ਸੁ ਅਨਭੈ ਰਹੇ।[36]

ਜੇਕਰ ਸੱਚ ਨੂੰਅਪਨਾਇਆ ਜਾਵੇ ਤਾਂ ਹੀ ਉਸ ਪ੍ਰਮਾਤਮਾ, ਜੋ ਇੱਕ ਸੱਚ ਹੈ ਨਾਲ ਮਿਲਾਪ ਪੈਦਾ ਹੋ ਸਕਦਾ ਹੈ। ਭਗਤ ਕਬੀਰ ਜੀ ਨੇ ਰਾਗ ਕੇਦਾਰਾ ਵਿੱਚ ਲਿਖਿਆ ਹੈ:

ਸੱਚ ਲਾਏ ਤਉ ਸਚ ਲਾਗੇ ਸਾਚੇ ਕੇ ਬਿਉਹਾਰੀ
ਸਾਚੀ ਬਸਤੁ ਕੇ ਭਾਰ ਚਲਾਏ ਪਹੁੰਚੇ ਜਾਇ ਭੰਡਾਰੀ[37]

ਆਪੇ ਪ੍ਰਮਾਤਮਾ ਸੱਚ ਤੇ ਲਾਏ ਤਾਂ ਹੀ ਅਸੀ ਸੱਚ ਦੇ ਵਪਾਰੀ ਬਣ ਸਕਦੇ ਹਾਂ। ਭਗਤ ਬਾਣੀ ਅਨੁਸਾਰ ਸੱਚ ਬੋਲਣਾ ਸੱਚਾ ਵਿਵਹਾਰ ਅਤੇ ਸੱਚ ਤੇ ਆਧਾਰਿਤ ਜੀਵਨ ਜਿਉਣਾ ਅਤਿ ਜਰੂਰੀ ਹੈ। ਭਗਤ ਕਬੀਰ ਜੀ ਨੇ ਲਿਖਿਆ ਹੈ:

ਕਬੀਰਾ ਕਸਾਉਟੀ ਰਾਮ ਕੀ ਝੂਠਾ ਟਿਕੈ ਨ ਕੋਇ
ਰਾਮ ਕਸੋਟੀ ਸੋ ਸਹੈ ਜੀ ਮਰਿ ਜੀਵਾ ਹੋਇ[38]

ਪ੍ਰਮਾਤਮਾ ਦੀ ਕਸੋਟੀ ਉੱਤੇ ਝੂਠਾ ਟਿਕ ਨਹੀਂ ਸਕਦਾ, ਕਸੋਟੀ ਉਪਰ ਉਹ ਹੀ ਟਿਕ ਸਕਦਾ ਹੈ ਜੋ ਮਰਜੀਵੜਾ ਹੁੰਦਾ ਹੈ। ਸੱਚ ਦਾ ਧਾਰਨੀ ਹੁੰਦਾ ਹੈ ਅਤੇ ਝੂਠ ਬੋਲਣ ਨੂੰ ਭਗਤ ਜੀ ਨੇ ਪਾਪ ਕਿਹਾ ਹੈ ਸੱਚ ਬੋਲਣ ਨੂੰ ਪੁੰਨ

ਕਬੀਰਾ ਜਹਾ ਗਿਆਨ ਹੈ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ
ਜਹਾ ਲੋਭ ਤਹ ਕਾਲ ਹੈ ਜਹਾ ਖਿਮਾ ਤਹ ਆਪਿ[39]

ਭਗਤ ਕਬੀਰ ਜੀ ਨੇ ਆਪਣੀ ਬਾਣੀ ਵਿੱਚ ਦੱਸਿਆ ਹੈ ਕਿ ਨੈਤਿਕਤਾ ਦੇ ਸਦਗੁਣਾਂ ਨੂੰ ਧਾਰ ਕੇ ਮਨੁੱਖ ਨਰੋਏ ਸਮਾਜ ਨੂੰ ਸੇਧ ਦੇ ਸਕਦਾ ਹੈ। ਉਨ੍ਹਾਂ ਆਖਿਆ ਕਿ ਮਨੁੱਖ ਦਾ ਜਨਮ ਦੁਲੰਭ ਹੈ ਵਾਰ ਵਾਰ ਨਹੀਂ ਮਿਲਦਾ। ਇਸ ਮਨੁੱਖੀ ਸਰੀਰ ਵਿੱਚ ਆ ਕੇ ਪ੍ਰਮਾਤਮਾ ਨਾਲ ਸੁਮੇਲ ਪੈਦਾ ਕਰਨਾ ਹੀ ਮਨੁੱਖੀ ਜੀਵ ਦਾ ਮੂਲ ਮਨੋਰਥ ਹੈ ਕਿ ਮਨੁੱਖੀ ਸਰੀਰ ਦਾ ਜਨਮ ਚੰਗੇ ਕਰਮਾਂ ਕਰਕੇ ਲੱਭਾ ਹੈ। ਵਿਚਾਰ ਤੋਂ ਬਿਨਾਂ ਇਹ ਅਜਾਈਂ ਜਾ ਰਿਹਾ ਹੈ। ਭਗਤ ਕਬੀਰ ਜੀ ਨੇ ਭੈਰਉ ਰਾਗ ਵਿੱਚ ਲਿਖਿਆ ਹੈ:

ਗੁਰ ਸੇਵਾ ਤੇ ਭਗਤਿ ਕਮਾਈ ਤਬ ਇਹ ਮਾਨਸ ਦੇਹੀ ਪਾਈ
ਇਸ ਦੇਹੀ ਕਉ ਸਮਰਹਿ ਦੇਵ ਸੋ ਦੇਹੀ ਭਜੁ ਹਰਿ ਕੀ ਸੇਵ[40]

ਭਗਤ ਬਾਣੀ ਦੇ ਅਧਿਐਨ ਤੋਂ ਇਹ ਨਿਰਣਾ ਨਿਕਲਦਾ ਹੈ ਕਿ ਭਗਤਾਂ ਨੇ ਆਪਣੀ ਭਗਤੀ ਨਾਲ ਆਪਣੇ ਰੱਬੀ ਅਨੁਭਵ ਰਾਹੀਂ ਦੱਸਿਆ ਹੈ ਕਿ ਸੰਸਾਰਕ ਸੁੱਖ ਛਿੰਨਭੰਗਰ ਹਨ। ਸਾਰੀਆਂ ਸਰੀਰਕ ਲੋੜਾਂ, ਸਹੂਲਤਾਂ, ਸਰੀਰ ਕਾਇਮ ਰੱਖਣ ਲਈ ਹਨ ਤਾਂ ਜੋ ਮਾਨਵ ਜੀਵ ਇੰਨ੍ਹਾ ਦੀ ਵਰਤੋਂ ਕਰਦਾ ਹੋਇਆ ਆਪਣੇ ਅੰਦਰੋਂ ਆਤਮਿਕ ਅਸਲੇ ਦਾ ਵਿਕਾਸ ਕਰਕੇ ਸਹੀ ਅਰਥਾਂ ਵਿੱਚ ਨੈਤਿਕਤਾ ਅਨੁਸਾਰ ਚਲਦਿਆਂ ਇਹ ਸੂਝਵਾਨ ਇਨਸਾਨ ਬਣ ਜਾਏ। ਇਹ ਸੰਸਾਰਕ ਸੁੱਖ ਆਤਮਿਕ ਵਿਕਾਸ ਦਾ ਸਾਧਨ ਹਨ ਆਤਮਿਕ ਉਨਤੀ ਦਾ ਬਦਲ ਨਹੀਂ। ਅਗਿਆਨੀ ਪੁਰਸ਼ ਇੰਦਰੀਆਂ ਦੇ ਭੋਗਾਂ ਨੂੰ ਮੰਜਿਲ ਬਣਾ ਕੇ, ਹੈਵਾਨ ਦੀ ਪੱਧਰ ਉਤੇ ਜੀਵਨ ਬਤੀਤ ਕਰਦਾ ਹੈ ਜਦਕਿ ਇੱਕ ਗਿਆਨਵਾਨ ਪੁਰਸ਼ ਜਗਤ ਨੂੰ ਭੋਗ ਦੀ ਥਾਂ, ਪੂਰਨਤਾ ਦੀ ਪ੍ਰਾਪਤੀ ਦਾ ਸਾਧਨ ਬਣਾ ਕੇ ਸੱਚੇ ਸੁੱਖ ਦਾ ਭਾਗੀ ਬਣ ਜਾਂਦਾ ਹੈ। ਇਨਸਾਨ ਰੂਹਾਨੀ ਤਰੱਕੀ ਤੋਂ ਬਿਨਾਂ ਵੀ ਜਿੰਦਾ ਰਹਿ ਸਕਦਾ ਹੈ। ਪਰ ਉਹ ਅਧੂਰੀ, ਡਾਵਾਂਡੋਲ ਅਤੇ ਪਸ਼ੂਵਤ ਜਿੰਦਗੀ ਹੈ। ਜਦਕਿ ਰੂਹਾਨੀ ਵਿਕਾਸ ਵਾਲੀ ਜ਼ਿੰਦਗੀ ਦਾ ਪੂਰਨਤਾ ਵਾਲੀ, ਗਿਆਨਮਈ, ਆਨੰਦਮਈ ਅਤੇ ਥਿਰ ਜਿੰਦਗੀ ਹੈ।

ਭਗਤੀ ਵਿਚਾਰਕਾਂ ਅਤੇ ਦਾਰਸ਼ਨਿਕਾ ਨੇ ਤਾਂ ਇੱਥੋਂ ਤੱਕ ਨਿਸਚੈ ਕੀਤਾ ਹੈ ਕਿ ਉੱਚੇ ਨੈਤਿਕ ਜੀਵਨ ਤੋਂ ਬਿਨਾਂ ਦਾਰਸ਼ਨਿਕ ਬੁੱਧੀ ਉਤਪੰਨ ਹੀ ਨਹੀਂ ਹੋ ਸਕਦੀ। ਸ਼ੁੱਭ ਆਚਰਨ ਰਾਹੀਂ ਜਦ ਤੱਕ ਚਿੱਤ ਸ਼ਾਂਤ ਅਤੇ ਨਿਰਮਲ ਨਹੀਂ ਹੁੰਦਾ, ਉਦੋਂ ਤੱਕ ਉਚ ਕੋਟੀ ਦੇ ਦਾਰਸ਼ਨਿਕ ਸਿਧਾਂਤ ਦੀ ਸਮਝ ਨਹੀਂ ਆਉਂਦੇ। ਇਸ ਲਈ ਚੰਗੇ ਮਨੁੱਖ ਵਾਸਤੇ ਨੈਤਿਕ ਜੀਵਨ ਦੀ ਬੜੀ ਜ਼ਰੂਰਤ ਹੈ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਭਗਤਾਂ, ਗੁਰੂਆਂ ਦੇ ਅਨੁਭਵ ਅਤੇ ਬਾਣੀ ਰਾਹੀਂ ਭਗਤੀ ਕਰਕੇ ਉਨ੍ਹਾਂ ਦੇ ਦੱਸੇ ਮਾਰਗ ਤੇ ਚਲੀਏ।

## ਹਵਾਲੇ ਅਤੇ ਟਿੱਪਣੀਆਂ


1. Man and his Morals, Bittle cnp.5
2. H. Hill Walter, Ethics as Mutal Philosophy, Anmol Publication, Pvt. Ltd, New Delhi, 1999, P. 84
3. ਨਰੈਣ ਸਿੰਘ, ਜਮਨਾ ਪ੍ਰਸਾਦਿ ਨੀਤੀ ਸਾਸ਼ਤਰ ਦੀ ਭੂਮਿਕਾ, ਹਰਿਆਣਾ ਹਿੰਦੀ ਅਕਾਦਮੀ ਚੰਡੀਗੜ੍ਹ, 1976 ਪੰਨਾ 9
4. Audi Rebert. Moral Judgment and Reason for Action. Ethics and Practical Reason. Garrett Cullity and Berysgaot, Clarendon Press, Oxford, 1977, P 125
5. ਵਜੀਰ ਸਿੰਘ ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1989 ਪੰਨਾ 60
6. ਨਰੈਣ ਸਿੰਘ, ਜਮਨਾ ਪ੍ਰਸਾਦਿ, ਨੀਤੀ ਸਾਸ਼ਤਰ ਦੀ ਭੂਮਿਕਾ ਹਰਿਆਣਾ ਹਿੰਦੀ ਅਕਾਦਮੀ ਚੰਡੀਗੜ੍ਹ 1976, ਪੰਨਾ 32-33
7. ਸ਼ਮਸ਼ੇਰ ਸਿੰਘ, ਧਰਮ ਦਾ ਦਾਰਸ਼ਨਿਕ ਪੱਖ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ 1999 ਪੰਨਾ 82
8. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 4
9. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 28
10. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 117
11. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 294
12. ਨੀਤੀ ਸ਼ਾਸ਼ਤਰ, ਸਿਨਹਾ, ਜੇ ਐਨ, ਪੰਨਾ 67
13. An Introduction to Ethics, Lillie William P. 195
14. The Social Philosophers Commins save P.332
15. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 119
16. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਪੰਨਾ 119
17. Development of Moral philosophy in India, Das Gupta, Surma Bombay, 1961 P.8
18. ਰਿਗਵੇਦ (1.23.5)
19. Ethics Today, Titus, Harold, H, P.508

20. ਨੈਤਿਕ ਨਿਯਮ, ਵਜੀਰ ਸਿੰਘ, ਪੰਨਾ 120
21. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1349
22. Ethics of Sikh, Avtar Singh, Punjabi University, Patiala, 1983, page 128.
23. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1349
24. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 92
25. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 477
26. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 477
27. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1369
28. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 658
29. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1159
30. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 477
31. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1159
32. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1366
33. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1367
34. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬਜੀ, ਪੰਨਾ 1371
35. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1367
36. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 343
37. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1123
38. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1366
39. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1372
40. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1159